# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 19 ਦਸੰਬਰ 2024 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ) ਐਬਸਫੋਰਡ ਵੱਲੋਂਮਹਿਮਾ ਸਿੰਘ ਤੂਰ ਅਤੇ ਹਰੀ ਸਿੰਘ ਤਾਤਲਾਦੀਆਂ ਪੁਸਤਕਾਂ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ

ਐਬਸਫੋਰਡ, 19 ਦਸੰਬਰ : ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਵੱਲੋਂ ਬੀਤੇ ਸ਼ਨੀਵਾਰ ਹੈਰੀਟੇਜ ਗੁਰਸਿੱਖ ਗੁਰਦੁਆਰਾ ਸਾਊਥ ਫਰੇਜ਼ਰ ਵੇਅ ਐਬਸਫੋਰਡ ਵਿਖੇ ਕਰਵਾਏ ਇਕ ਸਾਹਿਤਕ ਸਮਾਗਮ ਵਿਚ ਪ੍ਰਸਿੱਧ ਸ਼ਾਇਰ ਮਹਿਮਾ ਸਿੰਘ ਤੂਰ ਦੀ ਪੁਸਤਕ 'ਉਦਾਸੀ ਜਾਗਦੀ ਹੈ' ਅਤੇ ਹਰੀ ਸਿੰਘ ਤਾਤਲਾ ਦੀ ਪੁਸਤਕ 'ਤੂੰ ਤੇ ਪਿਕਾਸੋ' ਰਿਲੀਜ਼ ਕੀਤੀਆਂ ਗਈਆਂ। ਸਮਾਗਮ ਵਿਚ ਸਾਹਿਤ ਪ੍ਰੇਮੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।



ਰਿਲੀਜ਼ ਕੀਤੀਆਂ ਗਈਆਂ ਪੁਸਤਕਾਂ ਬਾਰੇ ਸ਼ਾਇਰ ਦਵਿੰਦਰ ਸਿੰਘ ਪੂਨੀਆ ਅਤੇ ਡਾ. ਗੁਰਵਿੰਦਰ ਸਿੰਘ ਨੇ ਵਿਚਾਰ ਸਾਂਝੇ ਕਰਰਦਿਆਂ ਇਹਨਾਂ ਕਿਤਾਬਾਂ ਦੇ ਸਾਹਿਤ ਜਗਤ ਵਿੱਚ ਸਥਾਨ ਬਾਰੇ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਵਿਸੇ ਅਤੇ ਕਲਾ ਪੱਖਾਂ ਤੋਂ ਦੋਹਾਂ ਲੇਖਕਾਂ ਦੀਆਂ ਕਿਤਾਬਾਂ ਸ਼ਾਨਦਾਰ ਕਹੀਆਂ ਜਾ ਸਕਦੀਆਂ ਹਨ। ਸੁਰਜੀਤ ਸਿੰਘ ਸਹੋਤਾ, ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ, ਹਰਕੀਰਤ ਕੌਰ ਚਾਹਲ, ਸਤਵੰਤ ਕੌਰ ਪੰਧੇਰ, ਜਗਜੀਤ ਸਿੰਘ ਸੰਧੂ, ਕੁਲਦੀਪ ਸਿੰਘ ਸੇਖੋਂ, ਗੁਰਦੇਵ ਸਿੰਘ ਬੁੱਟਰ, ਸੁਖੀ ਰੋਡੇ ਤੇ ਮਾਹੀ ਸਾਹਿਬ ਨੇ ਵੀ ਇਨ੍ਹਾਂ ਪੁਸਤਕਾਂ ਬਾਰੇ ਆਪਣੇ ਵਿਚ ਪ੍ਰਗਟ ਕੀਤੇ। ਇਨ੍ਹਾਂ ਪੁਸਤਕਾਂ ਦੇ ਰਚੇਤਾ ਹਰੀ ਸਿੰਘ ਤਾਤਲਾ ਅਤੇ ਮਹਿਮਾ ਸਿੰਘ ਤੂਰ ਨੇ ਆਪਣੀਆਂ ਕਵਿਤਾਵਾਂ ਦੇ ਸਬੰਧ ਵਿੱਚ ਸਰੋਤਿਆਂ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ ਤੇ ਆਪਣੀਆਂ ਕੁਝ ਰਚਨਾਵਾਂ ਵੀ ਸਾਂਝੀਆਂ ਕੀਤੀਆਂ।

ਸਮਾਗਮ ਦਾ ਸੰਚਾਲਨ ਗੀਤਕਾਰ ਗੁਰਪ੍ਰੀਤ ਸਿੰਘ ਚਾਹਲ ਨੇ ਬਾਖੂਬੀ ਕੀਤਾ। ਸਮਾਗਮ ਵਿਚ ਸਹਿਯੋਗੀ ਵਣਜਾਰਾ ਨੋਮੈਡ ਕਲੈਕਸ਼ਨਜ ਦੇ ਰਾਜ ਸਿੰਘ ਭੰਡਾਲ ਨੇ ਇਸ ਮੌਕੇ ਤੇ ਲਿਖਾਰੀਆਂ ਨੂੰ ਵਧਾਈ ਦੇਣ ਦੇ ਨਾਲ ਨਾਲ, ਹੈਰੀਟੇਜ ਮਿਊਜ਼ੀਅਮ 'ਚ ਲੱਗੀ ਸਾਊਥ ਏਸ਼ੀਅਨ ਸਟੱਡੀਜ ਵਿਭਾਗ ਦੀ ਇਕ ਪ੍ਰਦਰਸ਼ਨੀ ਵੱਲ ਵਿਸ਼ੇਸ਼ ਧਿਆਨ ਦਿਵਾਇਆ, ਜਿਸ ਵਿੱਚ 'ਪੰਜਾਬੀ ਸਿੱਖ ਪਤਿਤਪੁਣੇ ਦਾ ਅਭਿਆਸ ਕਰਦੇ ਹਨ' ਸਤਰਾਂ ਲਿਖੀਆਂ ਹੋਈਆਂ ਸਨ, ਜੋ ਕਿ ਗਲਤ ਅਨੁਵਾਦ ਰਾਹੀਂ ਅਰਥਾਂ ਦੇ ਅਨਰਥ ਕਰ ਰਹੀਆਂ ਸਨ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਗੁਰਮੁਖ ਸਿੰਘ, ਗੁਰਵਿੰਦਰ ਸਿੰਘ ਸੰਧੂ, ਮਲਕੀਤ ਸਿੰਘ ਮੀਲੂ, ਸਾਹਿਤਕਾਰਾਂ ਦੇ ਪਰਿਵਾਰਕ ਮੈਂਬਰ ਅਤੇ ਸਤਿਕਾਰਤ ਸ਼ਖਸੀਅਤਾਂ ਮੌਜੂਦ ਸਨ।

## ਇਤਿਹਾਸਕਾਰ ਪ੍ਰਿੰਸੀਪਲ ਸਰਵਣ ਸਿੰਘ ਔਜਲਾ ਦੀ ਯਾਦ 'ਚ 1 ਲੱਖ ਰੁਪਏ ਲਾਗਤ ਨਾਲ ਵਿਦਿਆਰਥੀਆਂ ਨੂੰ ਵੰਡੇ ਗਰਮ ਕੋਟ

ਵਰਲਡ ਪੰਜਾਬੀ ਟਾਈਮਜ਼ — ਜਗਮੋਹਣ ਸ਼ਾਹ ਰਾਏਸਰ

ਮਹਿਲ ਕਲਾਂ,19 ਦਸੰਬਰ : ਮਰਹੂਮ ਇਤਿਹਾਸਕਾਰ ਪ੍ਰਿੰਸੀਪਲ ਸਰਵਣ ਸਿੰਘ ਔਜਲਾ ਦੀ ਯਾਦ 'ਚ ਉਨ੍ਹਾਂ ਦੇ ਪਰਿਵਾਰ ਵਲੋਂ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਆਫ਼ ਐਮੀਨੈਂਸ ਮਹਿਲ ਕਲਾਂ ਦੇ ਵਿਦਿਆਰਥੀਆਂ ਨੂੰ ਠੰਢ ਦੇ ਮੌਸਮ ਦੇ ਮੱਦੇਨਜ਼ਰ 1 ਲੱਖ ਰੁਪਏ ਦੇ ਲਾਗਤ ਨਾਲ ਗ਼ਰਮ ਕੋਟ (ਬਲੈਜ਼ਰ) ਵੰਡੇ ਗਏ। ਇਸ ਮੌਕੇ ਕਰਵਾਏ ਪ੍ਰੋਗਰਾਮ ਸਮੇਂ ਵਿਸ਼ੇਸ਼ ਤੌਰ 'ਤੇ ਪੁੱਜੇ ਸਰਪੰਚ ਮਹਿਲ ਕਲਾਂ ਸੋਢੇ ਸਰਬਜੀਤ ਸਿੰਘ ਸ਼ੰਭੂ, ਸਰਪੰਚ ਮਹਿਲ ਕਲਾਂ ਬੀਬੀ ਕਿਰਨਾ ਰਾਣੀ ਨੇ ਪਰਿਵਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਪਣੇ ਵਲੋਂ ਵੀ ਵਿਦਿਆਰਥੀਆਂ ਅਤੇ ਸਕੂਲ ਦੇ ਵਿਕਾਸ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਭਾਈ ਜਗਸੀਰ ਸਿੰਘ ਖ਼ਾਲਸਾ ਨੇ




ਪ੍ਰਿੰ: ਸਰਵਣ ਸਿੰਘ ਔਜਲਾ ਦੀ ਸੋਚ ਅਨੁਸਾਰ ਉਨ੍ਹਾਂ ਦੇ ਸਪੁੱਤਰਾਂ ਡਾਕਟਰ ਪਰਮਜੀਤ ਸਿੰਘ ਔਜਲਾ ਅਤੇ ਬਰਜਿੰਦਰ ਸਿੰਘ ਔਜਲਾ ਵਲੋਂ ਕੀਤੇ ਇਸ ਸਮਾਜ ਸੇਵੀ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਹੋਰਨਾਂ ਸਮਾਜ ਸੇਵੀ, ਪ੍ਰਵਾਸੀ ਭਾਰਤੀ ਪਰਿਵਾਰਾਂ ਨੂੰ ਅੱਗੇ ਆ ਕੇ ਅਜਿਹੇ ਕਾਰਜ ਕਰਨ ਦੀ ਅਪੀਲ ਕੀਤੀ। ਨੌਜਵਾਨ ਆਗੂ ਗੁਰਪ੍ਰੀਤ ਸਿੰਘ ਅਣਖੀ ਨੇ ਪ੍ਰਿੰ: ਸਰਵਣ ਸਿੰਘ ਔਜਲਾ ਦੇ ਜੀਵਨ ਸਬੰਧੀ ਚਾਨਣਾ ਪਉਂਦਿਆਂ ਕਿਹਾ ਕਿ ਪ੍ਰਿੰ: ਔਜਲਾ ਇਕ ਸੰਸਥਾ ਰੂਪੀ ਮਨੁੱਖ ਸਨ, ਜਿੰਨ੍ਹਾ ਨੇ ਆਪਣਾ ਜੀਵਨ ਦੌਰਾਨ ਅਨੇਕਾਂ ਨੌਜਵਾਨਾਂ ਨੂੰ ਸਿੱਖਿਅਤ ਕਰਨ ਦੇ ਨਾਲ-ਨਾਲ ਸਮਾਜ ਸੇਵੀ ਕਾਰਜਾਂ, ਗ਼ਦਰ ਲਹਿਰ ਦੇ ਅਣਗੌਲੇ ਸ਼ਹੀਦ ਰਹਿਮਤ ਅਲੀ ਵਜੀਦਕੇ ਸਬੰਧੀ ਖੋਜ ਅਤੇ ਹੋਰ ਕਈ ਇਤਿਹਾਸਕ ਪੁਸਤਕਾਂ ਦੀ ਰਚਨਾ ਕੀਤੀ। ਪ੍ਰਿੰ: ਰਾਜਿੰਦਰਪਾਲ ਸਿੰਘ, ਲੈਕਚਰਾਰ ਤੇਜਿੰਦਰ ਸਿੰਘ ਛਾਪਾ ਨੇ ਪ੍ਰਿੰ: ਸਰਵਣ ਸਿੰਘ ਔਜਲਾ ਦੇ ਪਰਿਵਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਿਦਆਂ ਉਨ੍ਹਾਂ ਦੇ ਭਾਣਜੇ ਜਗਦੀਪ ਸਿੰਘ ਛੀਨੀਵਾਲ ਖ਼ੁਰਦ ਨੂੰ ਸਨਮਾਨ ਚਿੰਨ੍ਹ ਭੇਂਟ ਕਰ ਕੇ ਸਨਮਾਨਿਤ ਕੀਤਾ। ਇਸ ਸਮੇਂ ਕਮੇਟੀ ਮੈਂਬਰ ਗੁਰਮੀਤ ਸਿੰਘ ਮੀਤਾ, ਸੂਬੇਦਾਰ ਅਮਰੀਕ ਸਿੰਘ, ਲੈਕਚਰਾਰ ਦਰਸ਼ਨ ਸਿੰਘ, ਇੰਚਾਰਜ਼ ਪਰਵਿੰਦਰ ਕੌਰ, ਪੰਚ ਕੁਲਵਿੰਦਰ ਕੌਰ ਢੀਂਡਸਾ, ਪੰਚ ਸੰਦੀਪ ਕੌਰ, ਪੰਚ ਸਿੰਦਰਪਾਲ ਕੌਰ, ਪੰਚ ਮੱਖਣ ਸਿੰਘ, ਸੰਜੇ ਦੱਤ, ਜਗਸੀਰ ਸਿੰਘ ਸੀਰਾ, ਬਲਵਿੰਦਰ ਸਿੰਘ, ਨਛੱਤਰ ਸਿੰਘ ਜੱਗਾ, ਸੁਖਵੰਤ ਸਿੰਘ, ਤਰਨਜੀਤ ਕੌਰ, ਤਰਲੋਕ ਸਿੰਘ, ਮੈਡਮ ਜਸਵੀਰ ਕੌਰ, ਸੌਰਭ ਕੁਮਾਰ ਆਦਿ ਹਾਜ਼ਰ ਸਨ।

## " ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਜੀ " ਵੱਲੋਂ " ਵਿਸ਼ਵ ਪੰਜਾਬੀ ਭਵਨ " ਵਿਖੇ ਕਰਾਇਆ ਸਨਮਾਨ ਸਮਾਰੋਹ ਯਾਦਗਾਰੀ ਹੋ

ਵਰਲਡ ਪੰਜਾਬੀ ਟਾਈਮਜ਼ — ਰਮਿੰਦਰ ਵਾਲੀਆ

ਬਰੇਂਪਟਨ 19 ਦਸੰਬਰ : ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਜੀ ਵੱਲੋਂ ਵਿਲੇਜ਼ ਆਫ ਇੰਡੀਆ 114 ਕੈਨੇਡੀ ਰੋਡ ਬਰੇਂਪਟਨ ਵਿਖੇ 15 ਦਸੰਬਰ ਐਤਵਾਰ ਨੂੰ ਸ਼ਾਮ 5 ਵਜੇ ਬਹੁਤ ਸ਼ਾਨਦਾਰ ਯਾਦਗਾਰੀ ਸਨਮਾਨ ਸਮਾਰੋਹ ਕਰਾਇਆ ਗਿਆ । ਵਿਸ਼ਵ ਪੰਜਾਬੀ ਸਭਾ ਦੇ ਸੱਭ ਮੈਂਬਰਜ਼ ਤੇ ਔਹਦੇਦਾਰ ਹਾਜ਼ਿਰ ਸਨ ਅਤੇ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਦੇ ਔਹਦੇਦਾਰ ਤੇ ਅਦਬੀ ਸ਼ਖ਼ਸੀਅਤਾਂ ਨੇ ਇਸ ਸਨਮਾਨ ਸਮਾਰੋਹ ਵਿੱਚ ਆਪਣੀ ਸ਼ਿਰਕਤ ਕੀਤੀ । ਡਾ . ਕਥੂਰੀਆ ਜੀ ਨੇ ਵਿਸ਼ਵ ਪੰਜਾਬੀ ਸਭਾ ਦੀ ਚੇਅਰਪਰਸਨ ਰਮਿੰਦਰ ਕੌਰ ਵਾਲੀਆ ਦਾ ਮਾਲਟਨ ਵੂਮੈਨ ਕੌਂਸਲ ਵੱਲੋਂ ਭਵਨ ਵਿਖੇ ਰੂਬਰੂ ਪ੍ਰੋਗਰਾਮ ਵੀ ਸੀ , ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਰਮਿੰਦਰ ਵਾਲੀਆ ਨੂੰ ਬਹੁਤ ਖ਼ੂਬਸੂਰਤ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ । ਰਿੰਟੂ ਭਾਟੀਆ ਸਕੱਤਰ ਜਨਰਲ ਨੂੰ ਪੈਂਤੀ ਅੱਖਰੀ ਤਖ਼ਤੀ ਦੇ ਕੇ ਸਨਮਾਨਿਤ ਕੀਤਾ ।




ਭਾਰਤ ਤੋਂ ਆਏ ਨਾਮਵਰ ਸ਼ਾਇਰ , ਲੇਖਕ ਤੇ ਸਮਾਜਸੇਵੀ ਗੁਰਮੀਤ ਹਯਾਤਪੁਰੀ ਅਤੇ ਸ਼ਾਇਰਾ , ਕਹਾਣੀਕਾਰਾ ਤੇ ਲੇਖਿਕਾ ਮਨਜੀਤ ਕੌਰ ਮੀਤ ਨੂੰ ਵਿਸ਼ਵ ਪੰਜਾਬੀ ਸਭਾ ਦੀ ਡਾਇਰੀ , ਕਿਤਾਬਾਂ ਦਾ ਸੈਟ ਅਤੇ ਦੋਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ । ਦੋਹਾਂ ਮਹਿਮਾਨਾਂ ਨੇ ਆਪਣੇ ਬਾਰੇ ਵਿਚਾਰ ਸਾਂਝੇ ਕੀਤੇ ਤੇ ਡ. ਕਥੂਰੀਆ ਜੀ ਦੇਸ਼ਾਂ ਵਿਦੇਸ਼ਾਂ ਵਿੱਚ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਜੋ ਸਿਰਤੋੜ ਯਤਨ ਕਰ ਰਹੇ ਹਨ ਉਹਨਾਂ ਦੀ ਸ਼ਲਾਘਾ ਵੀ ਕੀਤੀ । ਗੁਰੂ ਕਾਸ਼ੀ ਯੂਨੀਵਰਿਸਟੀ ਦੇ ਵੀ ਸੀ ਗੁਰਲਾਭ ਸਿੰਘ ਸਿੱਧੂ ਜੀ ਇਸ ਮੌਕੇ ਵਿਸ਼ੇਸ਼ ਤੌਰ ਤੇ ਭਵਨ ਵਿੱਚ ਪਹੁੰਚੇ ਹੋਏ ਸਨ । ਡਾ. ਕਥੂਰੀਆ ਜੀ ਨੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਬਿਰਾਜਮਾਨ ਸੱਭ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ ।ਇਸ ਸਾਰੇ ਪ੍ਰੋਗਰਾਮ ਨੂੰ ਡਾ . ਜਗੀਰ ਸਿੰਘ ਕਾਹਲੋਂ ਨੇ ਹੋਸਟ ਕੀਤਾ ।ਡਾ . ਜਗੀਰ ਸਿੰਘ ਕਾਹਲੋਂ ਮੰਝੇ ਹੋਏ ਬੁਲਾਰੇ ਹਨ ਤੇ ਬਾਕਮਾਲ ਹੋਸਟਿੰਗ ਕਰਦੇ ਹਨ । ਡਾ . ਜਗੀਰ ਸਿੰਘ ਕਾਹਲੋਂ ਨੇ ਗੁਰਮੀਤ ਹਯਾਤਪੁਰੀ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ । ਸੁਰਜੀਤ ਕੌਰ ਨੇ ਮਨਜੀਤ ਕੌਰ ਮੀਤ ਦੇ ਬਾਰੇ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ।ਆਖੀਰ ਵਿੱਚ ਡਾ . ਦਲਬੀਰ ਸਿੰਘ ਕਥੂਰੀਆ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ । ਡਾ . ਕਥੂਰੀਆ ਜੀ ਦੇਸ਼ਾਂ ਵਿਦੇਸ਼ਾਂ ਵਿੱਚ ਮਾਂ ਬੋਲੀ ਪੰਜਾਬੀ , ਪੰਜਾਬੀਅਤ , ਕਲਾ , ਸਾਹਿਤ , ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਿਤ ਕਰਨ ਲਈ ਬਹੁਤ ਯਤਨਸ਼ੀਲ ਹਨ ਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਇਹ ਉਪਰਾਲੇ ਬਹੁਤ ਸ਼ਲਾਘਾਯੋਗ ਹਨ । ਚਾਹ ਪਾਣੀ ਤੇ ਸਨੈਕਸ ਦਾ ਵਿਸ਼ੇਸ਼ ਪ੍ਰਬੰਧ ਸੀ , ਸੱਭਨੇ ਮਿਲਕੇ ਉਸਦਾ ਅਨੰਦ ਲਿਆ ਤੇ ਮੁੜ ਮਿਲਣ ਦਾ ਵਾਦਾ ਕਰ ਸੱਭਨੇ ਵਿਦਾ ਲਈ । ਇਹ ਸਨਮਾਨ ਸਮਾਰੋਹ ਯਾਦਗਾਰੀ ਹੋ ਨਿਬੜਿਆ । ਧੰਨਵਾਦ ਸਹਿਤ ।




## ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਰਹੀ ਕੇਂਦਰੀ ਸਭਾ ਦੀ ਮਾਸਿਕ ਮਿਲਣੀ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ

ਸਰੀ, 19 ਦਸੰਬਰ : ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਹੀਨੇਵਾਰ ਮੀਟਿੰਗ ਸੀਨੀਅਰ ਸਿਟੀਜ਼ਨ ਸੈਂਟਰ ਸਰੀ ਦੇ ਸਮਾਗਮ ਹਾਲ ਵਿਚ ਹੋਈ। ਮਾਤਾ ਗੁਜਰੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਇਸ ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਅਤੇ ਉੱਘੇ ਲੇਖਕ ਚਰਨ ਸਿੰਘ ਨੇ ਕੀਤੀ।




ਮੀਟਿੰਗ ਦੇ ਆਗਾਜ਼ ਵਿਚ ਪੇਸ਼ ਸ਼ੋਕ ਮਤਿਆਂ ਰਾਹੀਂ ਸਭਾ ਦੇ ਮੈਂਬਰ ਅਜੀਤ ਸਿੰਘ ਕੰਗ, ਅਮਰੀਕ ਸਿੰਘ ਢੇਸੀ, ਨਰਿੰਦਰ ਬਾਹੀਆ ਦੇ ਜੀਜਾ ਜੀ ਅਤੇ ਹਰਚੰਦ ਸਿੰਘ ਬਾਗੜੀ ਦੇ ਭੈਣ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਗ਼ਜ਼ਲ ਉਸਤਾਦ ਕ੍ਰਿਸ਼ਨ ਭਨੋਟ ਦੀ ਸਿਹਤਯਾਬੀ ਲਈ ਦੁਆ ਕੀਤੀ ਗਈ। ਉਪਰੰਤ ਸੁਰਜੀਤ ਸਿੰਘ ਮਾਧੋਪੁਰੀ ਨੇ ਸਭਾ ਦੇ ਖ਼ਜ਼ਾਨਚੀ ਰੂਪਿੰਦਰ ਖਹਿਰਾ ਰੂਪੀ ਵੱਲੋਂ ਤਿਆਰ ਕੀਤੀ ਗਈ ਸਾਲ 2024 ਦੀ ਵਿੱਤੀ ਰਿਪੋਰਟ ਸਾਂਝੀ ਕੀਤੀ ਅਤੇ ਸਭਾ ਨੇ ਇਸ ਉੱਪਰ ਆਪਣੀ ਸਹਿਮਤੀ ਪਾਈ।

ਇਸ ਮੌਕੇ ਚੱਲੇ ਕਾਵਿਕ ਦੌਰ ਵਿੱਚ ਬਿੱਕਰ ਸਿੰਘ ਖੋਸਾ, ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਸਿੰਘ ਮਾਧੋਪੁਰੀ ਜਸਵਿੰਦਰ ਕੌਰ ਬਾਠ, ਸੁਰਜੀਤ ਸਿੰਘ ਬਾਠ, ਮਾਸਟਰ ਅਮਰੀਕ ਸਿੰਘ ਲੇਲ੍ਹ, ਸੁਰਿੰਦਰ ਸਿੰਘ ਜੱਬਲ, ਗੁਰਮੀਤ ਸਿੰਘ ਕਾਲਕਟ, ਕੁਲਦੀਪ ਸਿੰਘ ਗਿੱਲ, ਡਾ: ਦਵਿੰਦਰ ਕੌਰ, ਹਰਪਾਲ ਸਿੰਘ ਬਰਾੜ, ਕੁਲਦੀਪ ਸਿੰਘ ਜਗਪਾਲ, ਦਰਸ਼ਨ ਸਿੰਘ ਸੰਘਾ, ਚਮਕੌਰ ਸਿੰਘ ਸੇਖੋਂ, ਇੰਦਰਜੀਤ ਸਿੰਘ ਧਾਮੀ, ਹਰਚੰਦ ਸਿੰਘ ਗਿੱਲ, ਕਵਿੰਦਰ ਚਾਂਦ, ਮਨਜੀਤ ਸਿੰਘ ਮੱਲ੍ਹਾ, ਗੁਰਦਰਸ਼ਨ ਸਿੰਘ ਤਤਲਾ, ਹਰਜਿੰਦਰ ਸਿੰਘ ਚੀਮਾ, ਬੰਸਤ ਸਿੰਘ ਢਿੱਲੋਂ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਹਾਜ਼ਰ ਸਰੋਤਿਆਂ ਵਿਚ ਮਲਕੀਤ ਸਿੰਘ ਤੇ ਗੁਰਮੁੱਖ ਸਿੰਘ ਗਰੇਵਾਲ ਸ਼ਾਮਿਲ ਸਨ। ਸਟੇਜ ਦਾ ਸੰਚਾਲਨ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖੂਬੀ ਕੀਤਾ। ਅੰਤ ਵਿਚ ਸੁਰਜੀਤ ਸਿੰਘ ਮਾਧੋਪੁਰੀ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਜਿਲ੍ਹਾ ਬਾਰ ਐਸੋਸੀਏਸ਼ਨ ਬਠਿੰਡਾ ਦੇ ਸਾਬਕਾ ਪ੍ਰਧਾਨ ਕੰਵਲਜੀਤ ਸਿੰਘ ਕੁਟੀ ਨੂੰ ਸਦਮਾ, ਮਾਤਾ ਦਾ ਦਿਹਾਂਤ।

ਵਰਲਡ ਪੰਜਾਬੀ ਟਾਈਮਜ਼ — ਗੁਰਪ੍ਰੀਤ ਚਹਿਲ



ਸੰਗਤ ਮੰਡੀ , 19 ਦਸੰਬਰ : ਜਿਲ੍ਹਾ ਬਾਰ ਐਸੋਸੀਏਸ਼ਨ ਬਠਿੰਡਾ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਵਕੀਲ ਅਤੇ ਲੇਖਕ ਕੰਵਲਜੀਤ ਸਿੰਘ ਕੁਟੀ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦ ਉਨਾਂ ਦੀ ਮਾਤਾ ਸਰਦਾਰਨੀ ਪਰਮਜੀਤ ਕੌਰ ਸਿੱਧੂ ਪਤਨੀ ਸਵਰਗਵਾਸੀ ਸਰਦਾਰ ਬਸੰਤ ਸਿੰਘ ਸਿੱਧੂ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ । ਇਸ ਸਬੰਧੀ ਉਨਾਂ ਨਾਲ ਵੱਖ ਵੱਖ ਜਥੇਬੰਦੀਆਂ ਸਮੇਤ ਪੱਤਰਕਾਰ ਭਾਈਚਾਰੇ ਨੇ ਦੁੱਖ ਪ੍ਰਗਟ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਦੇ ਸਰਪਰਸਤ ਜਸਕਰਨ ਸਿੰਘ ਸਿਵੀਆਂ, ਪ੍ਰਧਾਨ ਗੁਰਜੀਤ ਚੌਹਾਨ ਜਰਨਲ ਸੈਕਟਰੀ ਸੁਰਿੰਦਰ ਪਾਲ ਖਾਲਸਾ ਰਾਜਦੀਪ ਜੋਸ਼ੀ ਖਜ਼ਾਨਚੀ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ ਸਲਾਹਕਾਰ ਰਾਜ ਕੁਮਾਰ, ਜੁਆਇੰਟ ਸਕੱਤਰ ਪ੍ਰਿੰਸ ਸ਼ੇਖੂ ,ਮੈਂਬਰ ਸੁਖਵਿੰਦਰ ਸਿੰਘ ਸਰਾਂ ਬਖਸੀਸ ਸਿੰਘ ਜਸ਼ਨਜੀਤ ਸਿੰਘ ਸਹਾਇਕ ਕੈਸ਼ੀਅਰ ਗੁਰਪ੍ਰੀਤ ਗੋਪੀ ਜੀਰੇਵਾਲਾ, ਮਨੋਜ ਚਰਖੀਵਾਲ, ਮੁਕੇਸ਼ ਕੁਮਾਰ, ਗੁਰਸੇਵਕ ਸਿੱਧੂ ਚੁੱਘੇ ਖੁਰਦ ਗੁਰਮੀਤ ਮਾਨ ਵਾਲ਼ਾ,ਡਾਕਟਰ ਹਰਜੀਤ ਸਿੰਘ ਘੁੱਦਾ, ਅਕਾਲੀ ਆਗੂ ਹਰ ਭਗਵਾਨ ਸਿੰਘ ਕਾਕਾ ਗਰੇਵਾਲ, ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਟਾਈ ਚੰਡੀਗੜ੍ਹ ਅਤੇ ਚੰਡੀਗੜ੍ਹ ਏਂਜਲਸ ਨੈੱਟਵਰਕ ਨੇ ਸਟਾਰਟਅੱਪਸ ਨੂੰ ਫੰਡਿੰਗ, ਨੈੱਟਵਰਕਿੰਗ ਅਤੇ ਸਰੋਤ ਪ੍ਰਦਾਨ ਕਰਨ ਲਈ ਐਮਓਯੂ 'ਤੇ ਹਸਤਾਖਰ ਕੀਤੇ

ਵਰਲਡ ਪੰਜਾਬੀ ਟਾਈਮਜ਼ — ਹਰਦੇਵ ਚੌਹਾਨ

ਚੰਡੀਗੜ੍ਹ, 19 ਦਸੰਬਰ : ਉਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਟਾਈ ਚੰਡੀਗੜ੍ਹ ਅਤੇ ਚੰਡੀਗੜ੍ਹ ਏਂਜਲਸ ਨੈੱਟਵਰਕ (ਸੀਏਐਨ) ਨੇ ਇੱਕ ਰਣਨੀਤਕ ਸਮਝੌਤਾ ਕੀਤਾ। ਇਸ ਸਾਂਝੇਦਾਰੀ ਦਾ ਉਦੇਸ਼ ਸਟਾਰਟਅੱਪਸ ਨੂੰ ਫੰਡਿੰਗ, ਮੇਂਟਰਿੰਗ, ਇਨਕਿਊਬੇਸ਼ਨ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਵਿਲੱਖਣ ਮੌਕੇ ਪ੍ਰਦਾਨ ਕਰਨਾ ਹੈ।

ਇਹ ਸਹਿਯੋਗ ਇਨੋਵੇਟਿਵ ਸਟਾਰਟਅੱਪਸ ਅਤੇ ਸੰਭਾਵੀ ਨਿਵੇਸ਼ਕਾਂ ਵਿਚਕਾਰ ਪਾੜੇ ਨੂੰ ਪੂਰਾ ਕਰੇਗਾ ਅਤੇ ਕਾਰੋਬਾਰ ਦੇ ਵਾਧੇ ਲਈ ਇੱਕ ਸਹਿਯੋਗੀ ਈਕੋਸਿਸਟਮ ਬਣਾਏਗਾ। ਇਸ ਸਮਝੌਤੇ ਦੇ ਤਹਿਤ, ਦੋਵੇਂ ਸੰਸਥਾਵਾਂ ਦਾ ਉਦੇਸ਼ ਵੱਖ ਵੱਖ




ਖੇਤਰਾਂ ਤੋਂ ਸਟਾਰਟਅੱਪਸ ਨੂੰ ਮਜਬੂਤ ਬਣਾਉਣਾ ਹੈ, ਭਾਵੇਂ ਉਹ ਮਾਲੀਆ ਪੈਦਾ ਕਰ ਰਹੇ ਹਨ ਜਾਂ ਨਹੀਂ।

ਇਸ ਦੇ ਤਹਿਤ ਸਟਾਰਟਅੱਪ ਨੂੰ ਟਾਈ ਚੰਡੀਗੜ੍ਹ ਦੇ ਮੈਂਬਰਾਂ ਸਮੇਤ ਨਿਵੇਸ਼ਕਾਂ ਦੇ ਨੈੱਟਵਰਕ ਤਕ ਪਹੁੰਚ ਮਿਲੇਗੀ, ਜਿਸ ਨਾਲ ਉਹ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਪੂੰਜੀ ਇਕੱਠੀ ਕਰ ਸਕਣਗੇ। ਇਹ ਪ੍ਰੋਗਰਾਮ ਸਾਰੇ ਖੇਤਰਾਂ ਦੇ ਸਟਾਰਟਅੱਪਸ ਲਈ ਖੁੱਲ੍ਹਾ ਹੈ, ਜਿਸ ਨਾਲ ਇੱਕ ਗਲੋਬਲ ਅਤੇ ਵਿਭਿੰਨ ਉੱਦਮੀ ਈਕੋਸਿਸਟਮ ਨੂੰ ਉਤਸ਼ਾਹ ਮਿਲੇਗਾ ਫੰਡਿੰਗ ਤੋਂ ਇਲਾਵਾ, ਇਸ ਸਾਂਝੇਦਾਰੀ ਦੇ ਜ਼ਰੀਏ ਸਟਾਰਟਅੱਪਸ ਨੂੰ ਮੇਂਟਰਸ਼ਿਪ, ਨੈੱਟਵਰਕਿੰਗ ਦੇ ਮੌਕੇ ਅਤੇ ਇਨਕਿਊਬੇਸ਼ਨ ਸਹਾਇਤਾ ਵੀ ਮਿਲੇਗੀ, ਜੋ ਉਹਨਾਂ ਦੀ ਸਫਲਤਾ ਦੀ ਯਾਤਰਾ ਨੂੰ ਤੇਜ਼ ਕਰੇਗੀ।

ਇਹ ਸਾਂਝੇਦਾਰੀ ਟਾਈ ਚੰਡੀਗੜ੍ਹ ਦੇ ਫਲੈਗਸ਼ਿਪ ਈਵੈਂਟ ਟਾਇਕੌਨ ਚੰਡੀਗੜ੍ਹ 2025 ਨਾਲ ਵੀ ਜੁੜੀ ਹੋਈ ਹੈ, ਜੋ ਕਿ 6-7 ਮਾਰਚ, 2025 ਨੂੰ ਹੋਟਲ ਹਯਾਤ ਰੀਜੈਂਸੀ, ਚੰਡੀਗੜ੍ਹ ਵਿੱਚ ਆਯੋਜਿਤ ਕੀਤਾ ਜਾਵੇਗਾ।

ਟਾਈਕੌਨ 2025 ਸਟਾਰਟਅੱਪਸ, ਨਿਵੇਸ਼ਕਾਂ ਅਤੇ ਉਦਯੋਗ ਮਾਹਿਰਾਂ ਲਈ ਵਿਚਾਰ ਸਾਂਝੇ ਕਰਨ ਅਤੇ ਮੌਕਿਆਂ ਦੀ ਪੜਚੋਲ ਕਰਨ ਲਈ ਇੱਕ ਪ੍ਰਮੁੱਖ ਪਲੇਟਫਾਰਮ
ਵਜੋਂ ਕੰਮ ਕਰੇਗਾ,ਇਸ ਪ੍ਰੋਗਰਾਮ ਵਿੱਚ ਮੁੱਖ ਭਾਸ਼ਣ ਸੈਸ਼ਨ, ਪੈਨਲ ਚਰਚਾ, ਸਟਾਰਟਅਪ ਪਿੱਚ ਅਤੇ ਨੈੱਟਵਰਕਿੰਗ ਜ਼ੋਨ ਸ਼ਾਮਿਲ ਹੋਣਗੇ, ਜੋ ਨਵੀਨਤਾ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਟਾਈ ਚੰਡੀਗੜ੍ਹ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨਗੇ।

ਸਤੀਸ਼ ਕੁਮਾਰ ਅਰੋੜਾ, ਪ੍ਰਧਾਨ, ਟਾਈ ਚੰਡੀਗੜ੍ਹ ਨੇ ਇਸ ਸਾਂਝੇਦਾਰੀ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਸਮਝੌਤਾ ਸਟਾਰਟਅੱਪਸ ਲਈ ਇੱਕ ਮਜ਼ਬੂਤ ਈਕੋਸਿਸਟਮ ਬਣਾਉਣ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਟਾਈ ਚੰਡੀਗੜ੍ਹ ਦੇ ਵਿਸਤ੍ਰਿਤ ਨੈੱਟਵਰਕ ਅਤੇ ਸੀਏਐਨ ਦੀ ਨਿਵੇਸ਼ ਮਹਾਰਤ ਨੂੰ ਮਿਲਾ ਕੇ, ਅਸੀਂ ਨਵੀਨਤਾ ਲਈ ਇੱਕ ਉੱਭਰਦਾ ਹੋਇਆ ਹੱਬ ਬਣਾਉਣ ਦਾ ਟੀਚਾ ਰੱਖਦੇ ਹਾਂ ਟਾਈਕੌਨ 2025 ਵਰਗੇ ਪ੍ਰੋਗਰਾਮ ਸਾਡੇ ਮਿਸ਼ਨ ਨੂੰ ਹੋਰ ਵਧਾਉਂਦੇ ਹਨ, ਕਿਉਂਕਿ ਉਹ ਸਟਾਰਟਅੱਪਸ ਨੂੰ ਆਪਣੇ ਵਿਚਾਰਾਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਗਲੋਬਲ ਪਲੇਟਫਾਰਮ ਪ੍ਰਦਾਨ ਕਰਦੇ ਹਨ। ਅਜੈ ਤਿਵਾੜੀ, ਪ੍ਰਧਾਨ, ਚੰਡੀਗੜ੍ਹ ਏਂਜਲਸ ਨੈੱਟਵਰਕ ਨੇ ਕਿਹਾ ਕਿ ਅਸੀਂ ਟਾਈ ਚੰਡੀਗੜ੍ਹ ਦੇ ਨਾਲ ਇਸ ਸਹਿਯੋਗ ਨੂੰ ਲੈ ਕੇ ਉਤਸ਼ਾਹਿਤ ਹਾਂ। ਇਕੱਠੇ ਹੋ ਕੇ, ਅਸੀਂ ਨਾ ਸਿਰਫ਼ ਸਟਾਰਟਅੱਪਸ ਨੂੰ ਫੰਡ ਪ੍ਰਾਪਤ ਕਰਨ ਵਿੱਚ ਮਦਦ ਕਰਾਂਗੇ, ਸਗੋਂ ਉਹਨਾਂ ਨੂੰ ਉਹ ਸਾਧਨ ਅਤੇ ਕਨੈਕਸ਼ਨ ਵੀ ਪ੍ਰਦਾਨ ਕਰਾਂਗੇ ਜੋ ਉਹਨਾਂ ਨੂੰ ਵਧਣ ਅਤੇ ਸਫਲ ਹੋਣ ਲਈ ਲੋੜੀਂਦੇ ਹਨ।

ਇਹ ਪਹਿਲਕਦਮੀ ਟਾਈ ਚੰਡੀਗੜ੍ਹ ਅਤੇ ਸੀਏਐਨ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ, ਜਿਸਦਾ ਉਦੇਸ਼ ਖੇਤਰੀ ਅਤੇ ਵਿਸ਼ਵ ਪੱਧਰ 'ਤੇ ਉੱਦਮਤਾ, ਨਵੀਨਤਾ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਦਿਲਚਸਪੀ ਰੱਖਣ ਵਾਲੇ ਸਟਾਰਟਅੱਪ ਵਧੇਰੇ ਜਾਣਕਾਰੀ ਲਈ ਅਤੇ ਅਰਜ਼ੀਆਂ ਜਮ੍ਹਾਂ ਕਰਾਉਣ ਲਈ ਵੈੱਬਸਾਈਟ 'ਤੇ ਜਾ ਸਕਦੇ ਹਨ।

## ਬਾਬਾ ਨਾਨਕ



ਬਾਬਾ ਨਾਨਕ ਤੇਰਾਂ-ਤੇਰਾਂ ਤੋਲੇ,
ਸੱਚ ਸੁਣਾਵੇ ਤੇ ਸੱਚ ਬੋਲੇ,

ਜਦ ਧੁਰ ਕੀ ਬਾਣੀ ਕਰੇ ਉਚਾਰਣ,
ਕੰਨਾਂ ਦੇ ਵਿੱਚ,ਰਸ ਹੈ ਘੋਲੇ,

ਹੱਕ-ਸੱਚ ਦਾ, ਹੋਕਾ ਦਿੰਦਾ,
ਕੁਦਰਤ ਦੇ ਸਾਰੇ ਭੇਦ ਫਰੋਲੇ,

ਮਲਕ ਭਾਗੋ ਦੇ ਮਹਿਲ ਨੂੰ ਛੱਡ ਕੇ,
ਕਿਰਤੀ ਲਾਲੋ ਦੇ ਘਰ ਨੂੰ ਟੋਹਲੇ,

ਕਿਰਤ ਕਰੋ ਤੇ,ਵੰਡ ਛਕੋ ਸੱਭ,
ਹਾਕਮ ਦੇ ਨਹੀਂ ਗਾਉਂਦਾ ਸੋਹਲੇ,

ਰਾਜੇ ਸ਼ੀਂਹ, ਮੁਕੱਦਮ ਕੁੱਤੇ,
ਜਾਬਰ ਨੂੰ ਆਖੇ,ਕਦੇ ਨਾ ਡੋਲੇ.......

ਵਰਲਡ ਪੰਜਾਬੀ ਟਾਈਮਜ਼
ਪਰਮਜੀਤ ਲਾਲੀ

## ਜ਼ੁਲਮ ਦੀ ਇੰਤਹਾ : ਸਾਕਾ ਸਰਹਿੰਦ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਦੁਨੀਆਂ ਦਾ ਇਤਿਹਾਸ ਪੜ੍ਹੀਏ, ਤਾਂ ਪਤਾ ਲੱਗਦਾ ਹੈ ਕਿ ਜਿੰਨੇ ਸ਼ਹੀਦ ਸਿੱਖ ਧਰਮ ਵਿੱਚ ਹੋਏ ਹਨ, ਓਨੇ ਕਿਸੇ ਹੋਰ ਧਰਮ ਵਿੱਚ ਨਹੀਂ ਹੋਏ। ਸਿੱਖ ਧਰਮ ਦੀ ਬੁਨਿਆਦ ਹੀ ਸ਼ਹੀਦੀਆਂ ਤੇ ਰੱਖੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਨੇ ਸੱਚੀ ਸੁੱਚੀ ਪ੍ਰੀਤ ਦਾ ਆਧਾਰ ਸ਼ਹੀਦੀ ਨੂੰ ਮੰਨਿਆ ਹੈ (ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥) ਇਸ ਧਰਮ ਦੇ ਅਨੁਆਈਆਂ ਵਿਚ ਜੇਕਰ ਵੱਡੀ ਉਮਰ ਵਾਲੇ ਅਤੇ ਬਜ਼ੁਰਗਾਂ ਦੀਆਂ ਅਣਗਿਣਤ ਕੁਰਬਾਨੀਆਂ ਹਨ, ਉੱਥੇ ਛੋਟੇ ਅਤੇ ਮਾਸੂਮ ਬੱਚਿਆਂ ਨੇ ਵੀ ਹੱਕ-ਸੱਚ ਦੀ ਖ਼ਾਤਰ ਜੂਝ ਮਰਨ ਨੂੰ ਤਰਜੀਹ ਦਿੱਤੀ।

'ਸਾਕਾ ਸਰਹਿੰਦ' ਇਕ ਇਹੋ ਜਿਹੀ ਹੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ ਹੈ, ਜਿਸ ਵਿਚ ਨਿੱਕੀਆਂ ਅਤੇ ਮਾਸੂਮ ਜਿੰਦਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਸਿੱਖ ਧਰਮ ਦੀ ਨੀਂਹ ਪੱਕੀ ਕੀਤੀ। ਦਸਮੇਸ਼ ਪਿਤਾ (1666-1708) ਆਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਪਿੱਛੋਂ ਜਦੋਂ ਸਰਸਾ ਨਦੀ ਤੋਂ ਪਾਰ ਹੋਏ, ਤਾਂ ਉਨ੍ਹਾਂ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ: ਵੱਡੇ ਸਾਹਿਬਜ਼ਾਦੇ ਆਪਣੇ ਗੁਰੂ-ਪਿਤਾ ਸਮੇਤ ਚਮਕੌਰ ਵੱਲ ਚਲੇ ਗਏ; ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਦੇ ਨਾਲ ਦਿੱਲੀ ਚਲੇ ਗਏ; ਜਦਕਿ ਦੁੱਧ-ਸ਼ੀਰ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ, ਜਿਨ੍ਹਾਂ ਦੀ ਉਮਰ ਸਿਰਫ਼ ਸੱਤ ਅਤੇ ਨੌਂ ਸਾਲ ਦੀ ਸੀ, ਆਪਣੀ ਬਜ਼ੁਰਗ ਦਾਦੀ ਮਾਤਾ ਗੁਜਰੀ ਜੀ ਨਾਲ ਸਰਹਿੰਦ ਵੱਲ ਚਲੇ ਗਏ।

ਪੋਹ ਦਾ ਸਾਰਾ ਹੀ ਮਹੀਨਾ ਸਿੱਖ ਸ਼ਹੀਦੀਆਂ ਦੀ ਦਿਲ- ਕੰਬਾਊ ਘਟਨਾ ਹੈ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੀ ਕਰਬਲਾ ਅੰਦਰ ਸ਼ਹਾਦਤ ਦਾ ਜਾਮ ਪੀ ਗਏ। ਇੱਥੇ ਇੱਕ ਪਾਸੇ ਭੁੱਖੇ ਪਿਆਸੇ ਤੇ ਥਕਾਵਟ ਨਾਲ ਚੂਰ ਗਿਣਤੀ ਦੇ ਚਾਲੀ ਕੁ ਸਿੰਘ ਸਨ, ਜਦਕਿ ਦੂਜੇ ਪਾਸੇ ਦਸ ਲੱਖ ਦੀ ਮੁਗ਼ਲ ਫ਼ੌਜ ਸੀ। ਦੁਨੀਆਂ ਦੇ ਇਤਿਹਾਸ ਵਿੱਚ ਇਹੋ ਜਿਹੀ ਅਸਾਵੀਂ ਜੰਗ ਦਾ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ। ਇਹ ਵਾਕਿਆ 22 ਦਸੰਬਰ 1704 ਈ. ਦਾ ਹੈ। 'ਗੰਜਿ ਸ਼ਹੀਦਾਂ' ਦੇ ਕਰਤਾ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਸ ਪ੍ਰਸੰਗ ਨੂੰ ਇਉਂ ਚਿਤਰਿਆ ਹੈ:

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।

ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।

ਇਸ ਘਟਨਾ ਤੋਂ ਪੰਜ ਦਿਨ ਪਿੱਛੋਂ, 27 ਦਸੰਬਰ ਨੂੰ ਛੋਟੇ ਸਾਹਿਬਜ਼ਾਦੇ ਵਜ਼ੀਰ ਖਾਂ ਸੂਬਾ ਸਰਹਿੰਦ ਦੇ ਹੁਕਮ ਨਾਲ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤੇ ਗਏ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਨੂੰ ਇਤਿਹਾਸ ਵਿੱਚ 'ਸਾਕਾ ਸਰਹਿੰਦ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਾਕੇ ਨੂੰ ਪੜ੍ਹਨ-ਸੁਣਨ ਵਾਲਾ ਕੋਈ ਵੀ ਇਨਸਾਨ ਅੱਖਾਂ ਚੋਂ ਹੰਝੂ ਵਹਾਏ ਬਿਨਾਂ ਨਹੀਂ ਰਹਿ ਸਕਦਾ।

ਪਰਿਵਾਰ ਨਾਲੋਂ ਅੱਡ ਹੋਣ ਪਿੱਛੋਂ ਦਾਦੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦਾ ਪੁਰਾਣਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ। ਪਹਿਲੀ ਰਾਤ ਤਿੰਨਾਂ ਨੇ ਕੁੰਮੇ ਮਾਸ਼ਕੀ ਤੇ ਘਰ ਬਿਤਾਈ। ਗੰਗੂ ਦੇ ਦਿਲ ਵਿੱਚ ਬੇਈਮਾਨੀ ਆ ਗਈ ਤੇ ਉਹਨੇ ਮਾਤਾ ਗੁਜਰੀ ਜੀ ਦੀ ਹੀਰੇ- ਜਵਾਹਰਾਂ ਦੀ ਥੈਲੀ ਚੁਰਾ ਲਈ। ਪਿੱਛੋਂ ਲੋਭ-ਲਾਲਚ ਵਿੱਚ ਅੰਨ੍ਹਾ ਹੋ ਕੇ ਉਹਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਪਹਿਲਾਂ ਇਨ੍ਹਾਂ ਨੂੰ ਮੋਰਿੰਡਾ ਦਾ ਵਿਖੇ ਹਿਰਾਸਤ ਵਿਚ ਰੱਖਿਆ ਗਿਆ, ਪਿੱਛੋਂ ਜਲੂਸ ਦੀ ਸ਼ਕਲ ਵਿੱਚ ਸਰਹਿੰਦ ਪਹੁੰਚਾ ਦਿੱਤਾ ਗਿਆ।

ਸਰਹਿੰਦ ਦਾ ਸੂਬੇਦਾਰ ਵਜ਼ੀਰ ਖ਼ਾਂ,ਜੋ ਚਮਕੌਰ ਦੀ ਜੰਗ 'ਚੋਂ ਨਿਰਾਸ਼ ਪਰਤਿਆ ਸੀ, ਨੇ ਤਿੰਨਾਂ ਜਣਿਆਂ ਨੂੰ ਠੰਢੇ ਬੁਰਜ ਵਿੱਚ ਕੈਦ ਕਰਵਾ ਦਿੱਤਾ ਤੇ ਆਸਪਾਸ ਸਖ਼ਤ ਪਹਿਰਾ ਲਾ ਦਿੱਤਾ। ਸਰਦੀਆਂ ਦੀਆਂ ਭਿਆਨਕ ਠੰਢੀਆਂ-ਯਖ਼ ਰਾਤਾਂ ਵਿਚ ਬਜ਼ੁਰਗ ਦਾਦੀ ਅਤੇ ਪੋਤਿਆਂ ਨੂੰ ਠੰਢ ਤੋਂ ਬਚਣ ਲਈ ਕੋਈ ਗਰਮ ਕੱਪੜੇ ਨਹੀਂ ਦਿੱਤੇ ਗਏ ਅਤੇ ਨਾ ਹੀ ਉਨ੍ਹਾਂ ਨੂੰ ਖਾਣ ਪੀਣ ਨੂੰ ਕੁਝ ਦਿੱਤਾ ਗਿਆ। ਵਜ਼ੀਰ ਖਾਂ ਦਾ ਖਿਆਲ ਸੀ ਕਿ ਠੰਢ ਅਤੇ ਭੁੱਖ ਦੇ ਪ੍ਰਕੋਪ ਤੋਂ ਆਤੁਰ ਹੋ ਕੇ ਬੱਚੇ ਇਸਲਾਮ ਧਰਮ ਕਬੂਲ ਕਰਨ ਲਈ ਹਾਂ ਕਰ ਦੇਣਗੇ। ਪਰ ਉਹ ਨਹੀਂ ਸੀ ਜਾਣਦਾ ਕਿ ਇਨ੍ਹਾਂ ਮਾਸੂਮਾਂ ਦੀਆਂ ਰਗਾਂ ਵਿਚ ਗੁਰੂ ਗੋਬਿੰਦ ਸਿੰਘ ਜਿਹੇ ਮਹਾਨ ਸੂਰਬੀਰ ਦਾ ਖ਼ੂਨ ਹੈ ਤੇ ਇਨ੍ਹਾਂ ਦਾ ਦਾਦਾ (ਗੁਰੂ ਤੇਗ ਬਹਾਦਰ) ਅਤੇ ਪੜਦਾਦਾ (ਗੁਰੂ ਅਰਜਨ ਦੇਵ) ਪਹਿਲਾਂ ਹੀ ਸ਼ਹੀਦੀ ਦੀ ਮਿਸਾਲ ਪ੍ਰਜਵੱਲਿਤ ਕਰ ਚੁੱਕੇ ਹਨ। ਗੁਰੂ ਗੋਬਿੰਦ ਸਿੰਘ ਦੇ ਇਕ ਸ਼ਰਧਾਲੂ ਮੋਤੀ ਰਾਮ ਮਹਿਰਾ ਨੇ ਪਹਿਰੇਦਾਰਾਂ ਨੂੰ ਧਨ ਅਤੇ ਗਹਿਣਿਆਂ ਦੀ ਰਿਸ਼ਵਤ ਦੇ ਕੇ ਬੱਚਿਆਂ ਅਤੇ ਮਾਤਾ ਜੀ ਲਈ ਦੁੱਧ ਦੀ ਸੇਵਾ ਕੀਤੀ।

ਵਜ਼ੀਰ ਖਾਂ ਦੇ ਦਰਬਾਰ ਵਿੱਚ ਤਿੰਨ ਦਿਨ ਬੱਚਿਆਂ ਨੂੰ ਪੇਸ਼ ਕੀਤਾ ਗਿਆ। ਪਹਿਲੇ ਦਿਨ ਵਜ਼ੀਰ ਖਾਂ ਦੇ ਇੱਕ ਟੋਡੀ ਸੁੱਚਾ ਨੰਦ ਨੇ ਮੁੱਖ ਦਰਵਾਜ਼ਾ ਬੰਦ ਕਰਕੇ ਛੋਟੀ ਖਿੜਕੀ ਖੋਲ੍ਹ ਦਿੱਤੀ, ਤਾਂ ਕਿ ਬੱਚੇ ਜਦੋਂ ਖਿੜਕੀ ਰਾਹੀਂ ਪ੍ਰਵੇਸ਼ ਕਰਨ ਤਾਂ ਸਿਰ ਝੁਕਾ ਕੇ ਅੰਦਰ ਆਉਣ। ਪਰ ਸਾਹਿਬਜ਼ਾਦੇ ਮੁਗਲਾਂ ਦੀ ਚਾਲ ਨੂੰ ਭਾਂਪ ਗਏ ਤੇ ਉਨ੍ਹਾਂ ਨੇ ਪਹਿਲਾਂ ਸਿਰ ਅੰਦਰ ਕਰਨ ਦੀ ਥਾਂ ਆਪਣੇ ਪੈਰ ਦੀ ਜੁੱਤੀ ਵਜ਼ੀਰ ਖਾਂ ਨੂੰ ਵਿਖਾਈ ਤੇ ਅੰਦਰ ਜਾਂਦਿਆਂ ਹੀ ਬੁਲੰਦ ਆਵਾਜ਼ ਵਿੱਚ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦਾ ਨਾਅਰਾ ਲਗਾਇਆ, ਜਿਸ ਨੂੰ ਸੁਣਦਿਆਂ ਹੀ ਵਜ਼ੀਰ ਖਾਂ ਤੇ ਉਹਦੇ ਅਹਿਲਕਾਰਾਂ ਨੂੰ ਸੱਤੀਂ-ਕੱਪੜੀਂ ਅੱਗ ਲੱਗ ਗਈ। ਸੂਬੇਦਾਰ ਨੇ ਮਾਸੂਮਾਂ ਨੂੰ ਲਾਲਚ ਅਤੇ ਡਰਾਵੇ ਦੇ ਕੇ ਈਨ ਮੰਨਣ ਨੂੰ ਕਿਹਾ, ਪਰ ਇਹ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ ਸਨ, ਜੋ ਸਿਰ ਕਟਾਉਣਾ ਤਾਂ ਜਾਣਦੇ ਸਨ, ਸਿਰ ਝੁਕਾਉਣਾ ਨਹੀਂ।

ਸੂਬੇ ਦੀ ਕਚਹਿਰੀ ਵਿੱਚ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ, ਦੀਵਾਨ ਸੁੱਚਾ ਨੰਦ ਅਤੇ ਕਾਜ਼ੀ ਮੌਜੂਦ ਸਨ। ਸੂਬੇ ਨੇ ਨਵਾਬ ਨੂੰ ਕਿਹਾ ਕਿ ਉਹ ਬੱਚਿਆਂ ਨੂੰ ਮਾਰ ਕੇ ਇਨ੍ਹਾਂ ਦੇ ਪਿਤਾ ਤੋਂ ਆਪਣੇ ਭਰਾ ਨਾਹਰ ਖਾਨ ਦੀ ਚਮਕੌਰ-ਜੰਗ ਵਿੱਚ ਹੋਈ ਮੌਤ ਦਾ ਬਦਲਾ ਲੈ ਲਵੇ। ਪਰ ਨਵਾਬ ਨੇ ਇਤਰਾਜ਼ ਕੀਤਾ "ਕਸੂਰ ਬਾਪ ਦਾ, ਸਜ਼ਾ ਮਾਸੂਮ ਬੱਚਿਆਂ ਨੂੰ- ਇਹ ਕਿੱਥੋਂ ਦਾ ਇਨਸਾਫ਼ ਹੈ?" ਨਵਾਬ ਨੇ ਮਾਸੂਮਾਂ ਦੇ ਹੱਕ ਵਿੱਚ 'ਹਾਅ ਦਾ ਨਾਅਰਾ' ਮਾਰਿਆ। ਦੀਵਾਨ ਸੁੱਚਾ ਨੰਦ ਦੇ ਉਕਸਾਉਣ ਤੇ ਕਾਜ਼ੀ ਨੇ ਫਤਵਾ ਦੇ ਕੇ ਬੱਚਿਆਂ ਨੂੰ ਜਿਊਂਦੇ ਜੀਅ ਕੰਧਾਂ ਵਿਚ ਚਿਣਨ ਦੀ ਗੱਲ ਕੀਤੀ ਤੇ ਵਜ਼ੀਰ ਖਾਨ ਨੇ ਇਸ ਦੀ ਪ੍ਰਵਾਨਗੀ ਦੇ ਦਿੱਤੀ।

ਜਦੋਂ ਤੀਜੇ ਦਿਨ ਵੀ ਬੱਚੇ ਆਪਣੇ ਧਰਮ ਤੇ ਅਡਿੱਗ ਰਹੇ ਤਾਂ ਸੂਬੇ ਨੇ ਉਪਰੋਕਤ ਹੁਕਮ ਦੀ ਤਾਮੀਲ ਕਰਨ ਨੂੰ ਕਿਹਾ। ਖ਼ੂਨੀ ਦੀਵਾਰ ਜਦੋਂ ਸਾਹਿਬਜ਼ਾਦਿਆਂ ਦੀ ਗਰਦਨ ਤੱਕ ਪਹੁੰਚ ਗਈ ਤਾਂ ਸ਼ਾਸ਼ਲ ਬੇਗ- ਬਾਸ਼ਲ ਬੇਗ ਨਾਮੀਂ ਦੋ ਜੱਲਾਦਾਂ ਨੇ ਮਾਸੂਮਾਂ ਦੇ ਸੀਸ ਧੜ ਨਾਲੋਂ ਵੱਖ ਕਰ ਦਿੱਤੇ। ਠੰਢੇ ਬੁਰਜ ਵਿੱਚ ਕੈਦ ਬਜ਼ੁਰਗ ਮਾਤਾ ਗੁਜਰੀ ਜੀ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਪਰਮਾਤਮਾ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਵੀ ਤਿਆਗ ਦਿੱਤੇ।

ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਅੰਤਮ ਸਸਕਾਰ ਲਈ ਗੁਰੂ-ਘਰ ਦੇ ਅਨਿਨ ਸੇਵਕ ਦੀਵਾਨ ਟੋਡਰ ਮੱਲ ਨੇ ਖੜ੍ਹੇ ਦਾਅ ਸੋਨੇ ਦੀਆਂ ਮੋਹਰਾਂ ਅਦਾ ਕਰਕੇ ਜ਼ਮੀਨ ਖ਼ਰੀਦੀ। ਜ਼ਿਕਰਯੋਗ ਹੈ ਕਿ ਸੰਸਾਰ ਦੇ ਇਤਿਹਾਸ ਵਿੱਚ ਇਹ ਸਭ ਤੋਂ ਮਹਿੰਗੀ ਜ਼ਮੀਨ ਹੈ। ਜਿਸ ਥਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਮ ਸਸਕਾਰ ਹੋਇਆ, ਉੱਥੇ ਅੱਜਕੱਲ੍ਹ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

ਇਹ ਖ਼ਬਰ ਜਦੋਂ ਨੂਰਾ ਮਾਹੀ ਦੇ ਰਾਹੀਂ ਗੁਰੂ ਗੋਬਿੰਦ ਸਿੰਘ ਕੋਲ ਪਹੁੰਚੀ, ਤਾਂ ਉਨ੍ਹਾਂ ਨੇ ਕਾਹੀ ਦੇ ਬੂਟੇ ਨੂੰ ਜੜ੍ਹੋਂ ਪੁੱਟਦਿਆਂ ਫੁਰਮਾਇਆ," ਹੁਣ ਮੁਗਲ ਸਾਮਰਾਜ ਦੀ ਜੜ੍ਹ ਪੁੱਟੀ ਜਾ ਚੁੱਕੀ ਹੈ।" ਇਸ ਵਾਕਿਆ ਤੋਂ ਛੇ ਸਾਲ ਬਾਅਦ ਦਸ਼ਮੇਸ਼ ਪਿਤਾ ਤੋਂ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲੀਆ ਸਲਤਨਤ ਦੇ ਬਖ਼ੀਏ ਉਧੇੜ ਦਿੱਤੇ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਚੱਪੜਚਿੜੀ ਦੇ ਅਸਥਾਨ ਤੇ ਹੋਈ ਗਹਿਗੱਚ ਲੜਾਈ ਵਿੱਚ ਵਜ਼ੀਰ ਖਾਂ ਨੂੰ ਮਾਰ ਕੇ ਬਾਬਾ ਬੰਦਾ ਸਿੰਘ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈ ਲਿਆ।

ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਹਰ ਸਾਲ ਫਤਹਿਗੜ੍ਹ ਸਾਹਿਬ ਵਿਖੇ ਤਿੰਨ ਦਿਨ (11 ਤੋਂ 13 ਪੋਹ ਤੱਕ) ਸ਼ਹੀਦੀ ਜੋੜ-ਮੇਲ ਲੱਗਦਾ ਹੈ। ਇੱਥੇ ਨਿੱਕੀਆਂ ਮਾਸੂਮ ਜਿੰਦਾਂ ਦੀ ਲਾਸਾਨੀ ਤੇ ਬੇਨਜ਼ੀਰ ਕੁਰਬਾਨੀ ਨੂੰ ਨਤਮਸਤਕ ਹੋਣ ਲਈ ਸਿੱਖ ਸੰਗਤਾਂ ਦੂਰ ਦੁਰਾਡਿਓਂ ਵਹੀਰਾਂ ਘੱਤ ਕੇ ਆਉਂਦੀਆਂ ਹਨ। ਇੱਕ ਮੁਸਲਮਾਨ ਸ਼ਾਇਰ ਅੱਲ੍ਹਾ ਯਾਰ ਖ਼ਾਂ ਜੋਗੀ ਨੇ 1915 ਈ.ਵਿੱਚ ਲਿਖੀ ਆਪਣੀ ਇੱਕ ਲੰਮੀ ਕਵਿਤਾ 'ਸ਼ਹੀਦਾਨਿ ਵਫ਼ਾ' ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦਿਆਂ ਲਿਖਿਆ ਹੈ:

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।

ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪੇ ਉਠਾ ਚਲੇ।

ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।

ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।

ਗੱਦੀ ਤੋ ਤਖ਼ਤ ਬਸ ਅਬ ਕੌਮ ਪਾਏਗੀ।

ਦੁਨੀਆਂ ਮੇਂ ਜ਼ਾਲਮੋ ਕਾ ਨਿਸ਼ਾਂ ਤੱਕ ਮਿਟਾਏਗੀ।

## ਗੰਗੂ



ਨਾ ਆਪਣੀ ਸੀ ਜ਼ਮੀਰ ਵਿਕਾਈ,
ਪਿੱਛੇ ਚੰਦ ਸਿੱਕਿਆਂ ਗਵਾਈ,
ਧਰਮ ਲਈ ਲਾ ਸਾਰੀ ਕਮਾਈ,
ਰਸਤਾ ਚੁਣ ਲਿਆ ਸਹੀ ਸੀ,
ਕਿਉਂ ਗੰਗੂ ਟੋਡਰਮੱਲ ਜਿਹਾ ਨਹੀਂ ਸੀ |
ਇੱਕ ਕੁੱਖੋਂ ਜਨਮੇ ਬਣਗੇ ਖਾਸ,
ਗੁਰੂ ਉੱਤੇ ਸੀ ਅਟੁੱਟ ਵਿਸ਼ਵਾਸ,
ਇੱਕ ਰੂੰਅ ਵਿੱਚ ਲਪੇਟ ਸਾੜ੍ਹਿਆ,
ਆਰੇ ਨਾਲ ਦੂਜਾ ਵਿਚਾਲੋ ਪਾੜਿਆ,
ਨਾ ਮੰਨੀ ਜੋ ਜਾਲਮਾਂ ਕਹੀ ਸੀ,
ਕਿਉਂ ਗੰਗੂ ਮਤੀ-ਸਤੀ ਦਾਸ ਜਿਹਾ ਨਹੀਂ ਸੀ |
ਜਾਲਮਾਂ ਨੂੰ ਪੈ ਗਏ ਸੀ ਲਾਲੇ,
ਦੇਗ ਵਿੱਚ ਰੱਖ ਗਏ ਉਬਾਲੇ,
ਕੁਰਬਾਨੀ ਨੂੰ ਬਾਹਲਾ ਕਾਹਲਾ,
ਦੇਖ ਗੁਰੂ ਦਾ ਸਿੰਘ ਦਿਆਲਾ,
ਕਿੰਨੀ ਪੀੜ੍ਹ ਖੌਰੇ ਉਹਨਾਂ ਸਹੀ ਸੀ,
ਕਿਉਂ ਗੰਗੂ ਭਾਈ ਦਿਆਲੇ ਜਿਹਾ ਨਹੀਂ ਸੀ |

ਵਰਲਡ ਪੰਜਾਬੀ ਟਾਈਮਜ਼
ਚੇਤਨ ਬਿਰਧਨੋ

## ਸਰਸਾ ਨਦੀ ਤੇ ਵਿਛੋੜਾ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਸਰਸਾ ਨਦੀ ਤੇ ਵਿਛੋੜਾ ਪੈ ਗਿਆ। ਮਾਤਾ ਗੁਜਰੀ ਜੀ ਨੇ ਆਪਣੇ ਘੋੜੇ ਦੇ ਉੱਤੇ ਬਾਬਾ ਸਿੰਘ ਤੇ ਜ਼ੋਰਾਵਰ ਸਿੰਘ ਨੂੰ ਬਿਠਾਇਆ। ਬਾਬਾ ਫਤਿਹ ਸਿੰਘ ਦਾ ਜਨਮ 1699 ਈ, ਦਾ ਸੀ। ਬਾਬਾ ਜ਼ੋਰਾਵਰ ਸਿੰਘ ਇਨ੍ਹਾਂ ਤੋਂ ਵੱਡੇ ਹਨ। ਕੁਝ ਇਤਿਹਾਸਕ ਦਾ ਜਨਮ ਕਹਿੰਦੇ ਹਨ। ਤੇ ਕੁਝ ਇਤਿਹਾਸਕ 1697 ਈ, ਦਾ।
ਮਾਂ ਨੇ ਸਰਸਾ ਪਾਰ ਕੀਤੀ। ਪੁੱਤਰ ਨਜ਼ਰ ਨਹੀਂ ਆਇਆ। ਨੂੰਹਾਂ ਨਜ਼ਰ ਨਹੀਂ ਆਈਆਂ। ਆਪਣੇ ਵੱਡੇ ਪੋਤਰੇ ਨਹੀਂ ਦਿੱਸੇ। ਲਗਦਾ ਹੈ ਸਰਸਾ ਨਦੀ ਦਾ ਪਾਣੀ ਰੋੜ ਕੇ ਲੈਣ ਗਿਆ ਹੈ
ਹਜੂਰ ਦੇ ਮਾਤਾ ਤੇ ਬੱਚੇ ਚੱਲੇ ਹਨ। ਰਸਤੇ ਵਿਚ ਗੰਗੂ ਮਿਲਿਆ। ਆਪਣੇ ਪਿੰਡ ਖੇੜੀ ਲੈਣ ਕੇ ਆ ਗਿਆ। ਸ਼ਾਮ ਦਾ ਸਮਾਂ ਸੀ। ਮਾਤਾ ਗੁਜਰੀ ਜੀ ਤੇ ਦੋਨੋਂ ਲਾਲ ਉਨ੍ਹਾਂ ਨੂੰ ਅਜ ਕਈ ਦਿਨਾਂ ਤੋਂ ਬਾਅਦ ਭੋਜਨ ਛੱਕਣ ਲਈ ਮਿਲਿਆ। ਮਾਂ ਦੋਨੋਂ ਪੋਤਰਿਆਂ ਨੂੰ ਸੀਨੇ ਨਾਲ ਲਾ ਕੇ ਪਾਠ ਰਾਤ ਨੂੰ ਇਕਲਿਆਂ ਕੀਤਾ। ਸੌਣ ਲੱਗਿਆਂ ਸੋਹਿਲਾ ਸਾਹਿਬ ਦਾ ਪਾਠ ਕੀਤਾ ਹੈ। ਮਾਤਾ ਜੀ ਲੰਮੇ ਪੈ ਗਏ। ਸੱਜੇ ਖੱਬੇ ਦੋਨੋਂ ਪੋਤਰੇ ਚੌਂਕੜੀ ਮਾਰੀ ਕੇ ਬੈਠੇ ਹਨ।
ਆਪਸ ਵਿਚ ਗੱਲ ਕਰ ਕੇ ਪੁੱਛ ਰਿਹੈਂ ਹਨ। ਮਾਂ ਸਾਨੂੰ ਦਸੋ ਸਾਡੇ ਪਿਤਾ ਜੀ ਪਿਆਰੇ ਸਾਡੇ ਸਿੰਘ ਇਕਲਿਆਂ ਕਿਉਂ ਛੱਡ ਗਏ ਹਨ। ਇਕਦਮ ਫਤਿਹ ਸਿੰਘ ਬੋਲੇ ਤੇ ਕਹਿਣ ਲੱਗੇ ਦੇਖ ਮੇਰੇ ਵੀਰਿਆਂ ਸਾਡੇ ਬਾਪੂ, ਸਾਡੇ ਅੱਬਾ, ਸਾਡੇ ਪਿਤਾ ਨੇ ਸਾਡੇ ਭਰਾਵਾਂ ਨੇ ਰਣ ਤੱਤੇ ਵਿਚ ਜੂਝਣਾ ਹੈ ਤੇ ਇਕ ਗੱਲ ਤੈਨੂੰ ਦੱਸਾਂ ਬਾਬਾ ਫਤਿਹ ਸਿੰਘ ਜੀ ਦੇ ਸ਼ਬਦ ਹਨ ਸਾਡੇ ਵੀਰ ਰਣ ਜਿੱਤ ਕੇ ਆਉਣਗੇ। ਸਾਡੇ ਪਿਤਾ ਜੀ ਜੰਗ ਜਿੱਤ ਕੇ ਆਉਣਗੇ।
ਪਹਿਲਾਂ ਅਜੀਤ ਸਿੰਘ ਵੀਰ ਜਦੋਂ ਰਣ ਜਿੱਤ ਕੇ ਆਉਂਦੇ ਸਨ ਤਾਂ ਆਉਂਦਿਆਂ ਸਾਰ ਮੈਨੂੰ ਚੁੱਕਦੇ ਸਨ। ਹੁਣ ਜਦੋਂ ਪਿਤਾ ਨਾਲ ਰਣ ਜਿੱਤ ਕੇ ਆਉਣਗੇ ਤਾਂ ਦੋੜ ਕੇ ਮੈਨੂੰ ਚੁਕਣਗੇ ਪਰ ਮੈਂ ਉਨ੍ਹਾਂ ਦੇ ਕੁੱਛੜ ਨਹੀਂ ਚੜ੍ਹਨਾ। ਪਿਤਾ ਜੀ ਸਾਨੂੰ ਬਾਰ ਬਾਰ ਮਨਾਉਣਗੇ। ਮਾਵਾਂ ਲੱਗੇ ਲਗਾਉਣਗੀਆਂ ਪਰ ਅਸੀਂ ਨਹੀਂ ਬੋਲਣਾ। ਅਸੀਂ ਉਨ੍ਹਾਂ ਨਾਲ ਗੱਲ ਨਹੀਂ ਕਰਨੀ। ਦਾਦੀ ਮਾਂ ਸੁਣਦੀ ਰਹੀ ਸੀ ਹੋ ਸਕਦਾ ਹੈ ਕਿ ਜਿਹੜੇ ਵੀਰ ਅੱਗੇ ਖੇਡਦਿਆਂ ਨੂੰ ਕੁੱਛੜ ਚੁਕਦੇ ਸਨ ਹੁਣ ਮਿਲਣਗੇ ਪਰ ਸੱਚਖੰਡ ਦੇ ਦਰਵਾਜ਼ੇ ਤੇ। ਪਿਤਾ ਜੀ ਮਿਲਣਗੇ ਪਰ ਰੱਬ ਦੇ ਘਰ ਅੰਦਰ। ਉਥੇ ਸ਼ਬਦ ਕਹੇ ਕਿ ਜਦੋਂ ਜਿੱਤ ਕੇ ਆਉਣਗੇ ਤਾਂ ਉਨ੍ਹਾਂ ਨੂੰ ਪਤਾ ਸੀ ਕਿ ਉਹ ਪਰਤ ਕੇ ਆਉਣਗੇ। ਬਾਬਾ ਜ਼ੋਰਾਵਰ ਸਿੰਘ ਜੀ ਕਹਿੰਦੇ ਹਨ ਕਿ ਅਸੀਂ ਰੁਸਾਂਗੇ ਜ਼ਰੂਰ ਪਰ ਪਿਤਾ ਜੀ ਜਦੋਂ ਗੋਦ ਵਿਚ ਬਿਠਾਉਣਗੇ ਤਾਂ ਉਦੋਂ ਅਸੀਂ ਵਾਅਦਾ ਲਵਾਂਗੇ ਕੀ ਵਾਓਦਾ। ਕਹਿਣ ਲੱਗੇ ਕਿ ਅਸੀਂ ਕਹਾਂਗੇ ਕਿ ਅੱਜ ਤੋਂ ਬਾਅਦ ਸਾਨੂੰ ਤੇ ਦਾਦੀ ਨੂੰ ਭੁਲਾਇਆ ਨਾ।
ਦਾਦੀ ਨੇ ਸੁਣਿਆ ਤੇ ਕਿਹਾ ਮੇਰੇ ਬਚਿਉ ਤੁਸੀਂ ਕਿਹੜੇ ਸੁਪਨੇਂ ਸਜਾਉਂਦੇ ਹੋ। ਪਤਾ ਨਹੀਂ ਕੀ ਹੋਣਾ ਹੈ। ਦਾਦੀ ਬੋਲੀ ਰਾਤ ਬੀਤ ਰਹੀ ਹੈ ਤੁਸੀਂ ਸੌਂ ਜਾਓ। ਅੱਜ ਕਾਫ਼ੀ ਦਿਨਾਂ ਬਾਅਦ ਰਜਾਈ ਮਿਲ਼ੀ ਸੀ।
ਚਲਦਾ

## ਸਿਫ਼ਤ




ਸੌਹਰੇ ਮੇਰੇ ਅੰਮ੍ਰਿਤਸਰ ਨੇ
ਪੇਕੇ ਵਸਣ ਲਹੌਰ ਕੁੜੇ

ਇੱਕ ਵੀਰ ਮੇਰਾ ਰ੍ਹਵੇ ਕਰਾਚੀ
ਦੂਜਾ ਵਸੇ ਪਸ਼ੌਰ ਕੁੜੇ

ਜੇਠ ਮੇਰਾ ਜਲੰਧਰ ਰਹਿੰਦੈ
ਦੇਵਰ ਰ੍ਹਵੇ ਇੰਦੌਰ ਕੁੜੇ

ਪਤਿਅਹੁਰੇ ਮੇਰੇ ਯੂ.ਪੀ. ਵਿੱਚ ਰਹਿੰਦੇ
ਸ਼ਹਿਰ ਦਾ ਨਾਮ ਬਿਜਨੌਰ ਕੁੜੇ

ਨਰਮ ਸਭਾ ਦਾ ਮਾਹੀ। ਮੇਰਾ
ਮੇਰੀ ਹਰ ਗੱਲ ਦੀ ਰੱਖਦੈ ਗ਼ੌਰ ਕੁੜੇ

ਬੜੀ ਪਿਆਰੀ ਇੱਕ ਨਣਦ ਹੈ ਮੇਰੀ
ਵਿਆਹੀ ਹੈ ਸ਼ਹਿਰ ਫਲੌਰ ਕੁੜੇ

ਪੈਲਾਂ ਪਾ ਪਾ ਤੁਰਦੀ ਹਾਂ ਮੈਂ
ਮੈਥੋਂ ਉਡਣਾਂ ਸਿੱਖਦੇ ਭੌਰ ਕੁੜੇ

ਬੱਦਲਾਂ ਨਾਲ ਮੈਂ ਗੱਲਾਂ ਕਰਦੀ
ਮੈਨੂੰ ਕਰਨ ਹਵਾਵਾਂ ਚੌਰ ਕੁੜੇ

ਦੋ ਮੁਲਕਾਂ ਦੀ ਮੈਂ ਮਾਲਕ ਕੱਲੀ
ਮੇਰੀ ਦੇਖਣ ਵਾਲੀ ਟੌਹਰ ਕੁੜੇ

ਧਰਤੀ ਤੇ ਪੈਰ ਨਾਂ ਲੱਗਦੇ ਮੇਰੇ
ਇਸ਼ਕ ਦਾ ਚੱਲਿਆ ਦੌਰ ਕੁੜੇ

ਸਿੱਧੂ ਸਿੱਧੂ ਕਹਿੰਦੇ ਜਿਸਨੂੰ
ਮੀਤੇ ਮੇਰਾ ਹੈ ਉਹ ਸ਼ੌਹਰ ਕੁੜੇ

ਮੀਤੇ ਮੇਰਾ ਹੈ ਉਹ ਸ਼ੌਹਰ ਕੁੜੇ
ਮੀਤੇ ਮੇਰਾ ਹੈ ਓਹ ਸ਼ੌਹਰ ਕੁੜੇ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

## ਸ਼ਹਾਦਤਾਂ ਨੂੰ ਨਮਨ



ਮੋਰਚਿਆਂ ਨੂੰ ਜਿੱਤ ਆਪ ਰਹੇ ਜੀ 'ਅਜੀਤ',
ਜਦੋਂ ਰਣ ਵਿੱਚ ਜੂਝੇ ਸੀ 'ਜੁਝਾਰ' ਬਣ ਕੇ।

'ਜੋਰਾਵਰ' ਬਣ ਕੀਤਾ ਔਕੜਾਂ ਨੂੰ 'ਫਤਿਹ',
ਭਾਵੇਂ ਟੁੱਟੀਆਂ ਸੀ ਢੇਰ ਜਾਂ ਅੰਬਾਰ ਬਣ ਕੇ।

ਚੇਤਿਆਂ 'ਚੋਂ ਗੁਜਰੇ ਨਾ 'ਗੁਜਰੀ' ਕਦੇ ਵੀ,
ਸਦਾ ਸੰਗ ਜਿਵੇਂ ਝੰਡਾ-ਬਰਦਾਰ ਬਣ ਕੇ।

'ਤੇਗ' ਦੀ ਬਹਾਦਰੀ ਵੀ ਦੇਵੇ ਅਗਵਾਈ
ਕਿ ਨਿਤਾਣਿਆਂ ਦੇ ਰਹੀਏ ਪਹਿਰੇਦਾਰ ਬਣ ਕੇ।

ਦੱਸੇ 'ਦਸ਼ਮੇਸ਼' ਬਾਕਮਾਲ ਜਿਹਾ ਗੁਰ,
ਕਿਵੇਂ ਚੱਲਦੀ ਕਲਮ ਹਥਿਆਰ ਬਣ ਕੇ।

ਜ਼ਫ਼ਰਨਾਮਾ ਧਿਆਨ ਧਰ ਰੋਮੀਆਂ ਘੜਾਮੇਂ,
ਨਹੀਂ ਤੇ ਕੱਖ ਨਹੀਉਂ ਫਾਇਦਾ ਸਾਹਿਤਕਾਰ ਬਣ ਕੇ।

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ